# ਦਫਤਰ ਸਿਵਲ ਸਰਜਨ, ਬਠਿੰਡਾ।

ਆਈ.ਡੀ.ਐਸ.ਪੀ./ਨੈਸ਼ਨਲ ਵੈਕਟਰ ਬੋਰਨ ਡਜੀਜ਼ ਕੰਟਰੋਲ ਪ੍ਰੋਗਰਾਮ
ਫੋਨ ਨੰ. 0164-2212501, (0164-2240255 ਈ.ਮੇਲ idspbti1@gmail.com)

ਨੰ: ਆਈ.ਡੀ.ਐਸ.ਪੀ./17/ 891 | 10474 / 22.12.17 | ਮਿਤੀ 20-12-17

ਯਾਦ ਪੱਤਰ-2

ਵੱਲ

1. ਜਿਲ੍ਹਾ ਸਿਖਿਆ ਅਫਸਰ,ਪ੍ਰਾਇਮਰੀ/ਸਕੈਂਡਰੀ ਬਠਿੰਡਾ।
2 ਪ੍ਰਿੰਸੀਪਲ, ਸਰਕਾਰੀ ਰਜਿੰਦਰਾ ਕਾਲਜ ਬਠਿੰਡਾ।
3. ਪ੍ਰਿੰਸੀਪਲ, ਸਰਕਾਰੀ ਇੰਜਨੀਰਿੰਗ ਕਾਲਜ, ਬਠਿੰਡਾ
4. ਪ੍ਰਿੰਸੀਪਲ, ਐਸ.ਐਸ.ਡੀ.ਗਰਲਜ ਕਾਲਜ, ਬਠਿੰਡਾ।
5. ਪ੍ਰਿੰਸੀਪਲ, ਡੀ.ਏ.ਵੀ.ਕਾਲਜ ਬਠਿੰਡਾ।
6. ਪ੍ਰਿੰਸੀਪਲ, ਪੋਲੀਟੈਕਨੀਕਲ ਕਾਲਜ ਬਠਿੰਡਾ।
7. ਪ੍ਰਿੰਸੀਪਲ, ਆਈ.ਟੀ.ਆਈ.ਬਠਿੰਡਾ।
8 ਪ੍ਰਿੰਸੀਪਲ, ਅਦੇਸ ਮੈਡੀਕਲ ਕਾਲਜ ਬਠਿੰਡਾ,
9. ਪ੍ਰਿੰਸੀਪਲ, ਬਾਬਾ ਫਰੀਦ ਗਰੁਪ ਆਫ ਇੰਸਟੀਚਿਊਟ ਦਿਉਣ,ਬਠਿੰਡਾ,

ਵਿਸ਼ਾ:- ਸਵਾਈਨ ਫਲੂ ਬਿਮਾਰੀ ਦੀ ਰੋਕਥਾਮ ਸਬੰਧੀ।

ਇਸ ਦਫਤਰ ਦੇ ਪੱਤਰ ਨੰ: ਆਈ.ਡੀ.ਐਸ.ਪੀ.17/702-711 ਮਿਤੀ 14-8-2017 ਰਾਹੀ ਪਹਿਲਾਂ ਵੀ ਆਪ ਜੀ ਨੂੰ ਲਿਖਿਆ ਗਿਆ ਸੀ ਜਿਸ ਤਰਾ ਕਿ ਆਪ ਜੀ ਨੂੰ ਪਤਾ ਹੀ ਹੈ ਕਿ ਸਰਦੀ ਦੇ ਮੌਸਮ ਦੌਰਾਨ ਸਵਾਈਨ ਫਲੂ ਦੇ ਕੇਸ ਹੋਣ ਦੀ ਸਭਾਵਨਾਂ ਵੱਧ ਜਾਂਦੀ ਹੈ। ਇਸ ਜਿਲ੍ਹੇ ਵਿੱਚ ਇਹਨਾਂ ਕੇਸਾਂ ਦੇ ਬਚਾਅ ਸਬੰਧੀ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਅਧੀਨ ਕੰਮ ਕਰਦੇ ਸਾਰੇ ਸਟਾਫ ਅਤੇ ਪੜ੍ਹ ਰਹੇ ਵਿਦਿਅਰਥੀਆਂ ਨੂੰ ਇਸ ਬਿਮਾਰੀ ਤੋਂ ਬਚਾਅ ਸਬੰਧੀ ਜਾਗਰੂਕ ਕੀਤਾ ਜਾਵੇ ਤਾਂ ਜੋ ਉਹ ਅੱਗੇ ਜਾਕੇ ਆਪਣੇ ਆਂਢ-ਗੁਆਂਢ ਵਿੱਚ ਇਸ ਸਬੰਧੀ ਜਾਗਰੂਕਤਾ ਪੈਦਾ ਕਰਨ ਸਕਣ। ਸਵਾਈਨ ਫਲੂ ਦੀ ਰੋਕਥਾਮ ਸਬੰਧੀ ਪੈਂਫਲੈਂਟ/ਗਾਇਡਲਾਈਨ ਇਸ ਪੱਤਰ ਦੇ ਨਾਲ ਨੱਥੀ ਹੈ ਜੀ।

ਸਿਵਲ ਸਰਜਨ, ਬਠਿੰਡਾ।

ਨੰ: ਆਈ.ਡੀ.ਐਸ.ਪੀ./17/ ਮਿਤੀ 20-12-2017

ਉਤਾਰਾ 1) ਮਾਨਯੋਗ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਬਠਿੰਡਾ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

2) ਪ੍ਰੋਜੈਕਟ ਕੋਆਰਡੀਨੇਟਰ, (ਆਈ.ਡੀ.ਐਸ.ਪੀ.)ਦਫਤਰ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ, ਪੰਜਾਬ, ਚੰਡੀਗੜ੍ਹ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

ਸਿਵਲ ਸਰਜਨ, ਬਠਿੰਡਾ।

## ਦਿਸ਼ਾ ਨਿਰਦੇਸ਼ :-

**ਸਵਾਈਨ ਫਲੂ ਨੂੰ ਫੈਲਣ ਤੋਂ ਰੋਕਣ ਲਈ ਹੇਠ ਲਿਖਿਆਂ ਗੱਲਾਂ ਦਾ ਧਿਆਨ ਰੱਖਿਆ ਜਾਵੇ :-**

- ਸਕੂਲ ਸਮੇ ਵਿੱਚ ਕੋਈ ਵੱਡੇ ਇਕੱਠ ਵਾਲਾ ਫੰਕਸ਼ਨ ਨਾ ਕੀਤਾ ਜਾਵੇ।
- ਸਵੇਰੇ ਦੀ ਪ੍ਰਾਰਥਨਾ/ਸਭਾ ਵੇਲੇ ਖਾਂਸੀ, ਜ਼ੁਕਾਮ,ਬੁਖਾਰ, ਗਲਾ ਖਰਾਬ, ਟੱਟੀਆਂ ਉਲਟੀਆਂ ਆਦਿ ਵਾਲੇ ਬੱਚੇ ਨੂੰ ਜਲਦੀ ਤੋਂ ਜਲਦੀ ਨੇੜੇ ਦੇ ਹਸਪਤਾਲ ਵਿੱਚ ਚੈਕ ਅੱਪ ਕਰਵਾਉਣ ਲਈ ਭੇਜਿਆ ਜਾਵੇ।
- ਜੇਕਰ ਉਪਰੋਕਤ ਨਿਸ਼ਾਨੀਆਂ ਕਿਸੇ ਬੱਚੇ ਜਾਂ ਅਧਿਆਪਕ ਵਿੱਚ ਪਾਈਆਂ ਜਾਣ ਤਾਂ ਇਲਾਜ ਦੇ ਨਾਲ ਨਾਲ ਇਹ ਕੋਸ਼ਿਸ਼ ਕੀਤੀ ਜਾਵੇ ਕਿ ਮਰੀਜ਼ ਬਿਮਾਰੀ ਦੇ ਦੌਰਾਨ ਘੱਟੋ ਘੱਟ 7 ਦਿਨ ਘਰ ਵਿੱਚ ਹੀ ਰਹੇ ਅਤੇ ਸਹੀ ਅਤੇ ਪੂਰਾ ਇਲਾਜ ਕਰਵਾਏ ਅਤੇ ਆਪਣਾ ਨੱਕ, ਮੂੰਹ ਢੱਕ ਕੇ ਰੱਖੇ।
- ਜੋ ਉਪਰੋਕਤ ਨਿਸ਼ਾਨੀਆਂ ਵਾਲਾ ਮਰੀਜ਼ ਪਹਿਲਾਂ ਹੀ ਫੇਫੜੇ, ਗੁਰਦੇ, ਦਿਲ ਜਾਂ ਸੂਗਰ ਆਦਿ ਬਿਮਾਰੀਆਂ ਤੋਂ ਪੀੜਤ ਹੈ ਤਾਂ ਉਸ ਨੂੰ ਤਰੁੰਤ ਡਾਕਟਰੀ ਸਲਾਹ ਲੈਣੀ ਚਾਹਿੰਦੀ ਹੈ।
- ਹੋਸਟਲਾਂ ਵਿੱਚ ਰਹਿੰਦੇ ਬੱਚਿਆਂ ਨੂੰ ਜੇਕਰ ਇਸ ਤਰ੍ਹਾਂ ਦੀ ਤਕਲੀਫ ਦੇ ਲੱਛਣ ਪਾਏ ਜਾਦੇ ਹਨ ਤਾਂ ਜਲਦੀ ਹੀ ਉਸ ਨੂੰ ਡਾਕਟਰੀ ਸਲਾਹ ਮੁਹੱਈਆ ਕਰਵਾਈ ਜਾਵੇ ।
- ਬੱਚੇ ਜਾਂ ਅਧਿਆਪਕ ਜੋ ਕਿਸੇ ਅਜਿਹੀ ਥਾਂ ਤੇ ਟੂਰ ਤੇ ਗਏ ਹੋਏ ਹੋਣ ਜਿਥੇ ਸਵਾਈਨ ਫਲੂ ਦੇ ਕੇਸ ਹੋਏ ਹੋਣ ਤਾਂ ਵਾਪਸੀ ਸਮੇ ਉਨ੍ਹਾਂ ਦਾ ਚੰਗੀ ਤਰ੍ਹਾਂ ਮੈਡੀਕਲ ਚੈਕ-ਅੱਪ ਕਰਵਾਇਆ ਜਾਵੇ। ਜੇਕਰ ਕਿਸੇ ਬੱਚੇ ਜਾਂ ਅਧਿਆਪਕ ਵਿੱਚ ਸਵਾਈਨ ਫਲੂ ਵਾਲੇ ਲੱਛਣ ਪਾਏ ਜਾਂਦੇ ਹਨ ਤਾਂ ਸਾਰੇ ਗਰੁਪ ਨੂੰ ਵੱਖਰਾ ਰੱਖਿਆ ਜਾਵੇ ਅਤੇ ਉਨ੍ਹਾਂ ਤੇ ਲਗਾਤਾਰ ਨਜ਼ਰ ਰੱਖੀ ਜਾਵੇ ਤਾਂ ਜੋ ਇਸ ਬਿਮਾਰੀ ਨੂੰ ਫੈਲਣ ਤੋਂ ਰੋਕਿਆ ਜਾ ਸਕੇ।

**ਸਵਾਈਨ ਫਲੂ ਦੇ ਸ਼ੱਕੀ ਮਰੀਜ਼ ਦੀਆਂ ਨਿਸ਼ਾਨੀਆਂ:-**

ਤੇਜ਼ ਬੁਖਾਰ, ਸਿਰ ਦਰਦ, ਜ਼ੁਕਾਮ, ਗਲਾ, ਖਰਾਬ, ਖਾਂਸੀ, ਸਾਹ ਲੈਣ ਵਿੱਚ ਤਕਲੀਫ, ਸਰੀਰਕ ਦਰਦ, ਟੱਟੀਆਂ, ਉਲਟੀਆਂ, ਉਲਟੀ ਵਿੱਚ ਖੂਨ ਆਉਣਾ ਆਦਿ **ਅਤੇ**

ਤੁਹਾਡੇ ਘਰ ਵਿਚ ਜਾਂ ਆਸ-ਪਾਸ ਸਵਾਈਨ ਫਲੂ ਦਾ ਕੋਈ ਕੰਨਫਰਮ (ਲਬਾਰਟਰੀ ਪੋਜੇਟਿਵ) ਕੇਸ ਹੋਵੇ ਅਤੇ ਲਗਭਗ ਇੱਕ ਹਫਤੇ ਦੇ ਅੰਦਰ-2 ਤੁਹਾਡੇ ਵਿੱਚ ਉਪਰੋਕਤ ਨਿਸ਼ਾਨੀਆਂ ਹੋਣ।

**ਜਾਂ**

ਤੁਸੀ ਅਜਿਹੇ ਘਰ ਜਾਂ ਮੁਹਲੇ ਵਿੱਚ ਜਾ ਕੇ ਆਏ ਹੋਵੋ ਜਿਥੇ ਕੋਈ ਸਵਾਈਨ ਫਲੂਫਲੂ ਦਾ ਮਰੀਜ਼ ਹੋਵੇ ਜਾਂ ਕਿਸੇ ਮਰੀਜ਼ ਦੀ ਸਵਾਈਨ ਫਲੂਫਲੂ ਦੀ ਪੁਸ਼ਟੀ ਹੋਣ ਤੋ ਬਆਦ ਮੌਤ ਹੋ ਗਈ ਹੋਵੇ ਅਤੇ ਲੱਗਭਗ ਇੱਕ ਹਫਤੇ ਵਿੱਚ ਤੁਹਾਨੂੰ ਉਪਰੋਕਤ ਨਿਸ਼ਾਨੀਆਂ ਹੋਣ .

❖ **ਬਚਾਅ ਦੇ ਉਪਰਾਲੇ : ਇਹ ਕਰੋ**

- ➢ ਖੰਘਦੇ ਜਾਂ ਛਿਕਦੇ ਹੋਏ ਆਪਣਾ ਮੂੰਹ ਨੂੰ ਛੂਹਣ ਤੋਂ ਪਹਿਲਾਂ/ਬਾਅਦ ਆਪਣੇ ਹੱਥ ਸਾਬਣ ਅਤੇ ਪਾਣੀ ਨਾਲ ਚੰਗੀ ਤਰ੍ਹਾਂ ਧੋਵੋ।
- ➢ ਭੀੜ ਵਾਲੀਆਂ ਥਾਂਵਾ ਤੇ ਨਾ ਜਾਓ।
- ➢ ਖੰਘ, ਵਗਦੀ ਨੱਕ, ਛਿੱਕਾਂ ਅਤੇ ਬੁਖਾਰ ਨਾਲ ਪੀੜ੍ਹਤ ਵਿਅਕਤੀ ਆਪਣੇ ਆਪ ਨੂੰ ਦੂਜਿਆ ਤੋਂ ਘੱਟੋ ਘੱਟ ਇੱਕ ਮੀਟਰ ਦੀ ਦੂਰੀ ਬਣਾਕੇ ਰੱਖੋ।
- ➢ ਪੂਰੀ ਨੀਂਦ ਲਓ, ਸਰੀਰਕ ਤੌਰ ਤੇ ਚੁਸਤ ਰਹੋ ਅਤੇ ਤਣਾਅ ਤੋਂ ਮੁਕਤ ਰਹੋ।
- ➢ ਬਹੁਤ ਸਾਰਾ ਪਾਣੀ ਪੀਓ।

❖ **ਇਹ ਨਾ ਕਰੋ :-**

- ➢ ਮਰੀਜ਼ ਨਾਲ ਹੱਥ ਮਿਲਾਉਣਾ, ਗਲ੍ਹੇ ਮਿਲਣਾ, ਚੁੰਮਣਾ ਜਾਂ ਕਿਸੇ ਤਰ੍ਹਾਂ ਦਾ ਸਰੀਰਕ ਸੰਪਰਕ ਕਰਨਾ।
- ➢ ਬਿਨ੍ਹਾਂ ਡਾਕਟਰੀ ਜਾਂਚ ਤੋਂ ਦਵਾਈ ਲੈਣਾ।
- ➢ ਬਾਹਰ ਅਤੇ ਖੁੱਲੇ ਵਿੱਚ ਥਾਂ-ਥਾਂ ਥੁੱਕਣਾ।

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਬਠਿੰਡਾ।
ਐਂਡ:ਨੰ: ਈ-1/( ) 2017 ਮਿਤੀ 22-12-17

ਸਹੀ/-
ਸਿਵਲ ਸਰਜਨ, ਬਠਿੰਡਾ।

ਉਕਤ ਦਾ ਉਤਾਰਾ ਜ਼ਿਲ੍ਹੇ ਦੇ ਸਮੂਹ ਸਰਕਾਰੀ/ਸਹਾਇਤਾ ਪ੍ਰਾਪਤ ਦੇ ਮੁਖੀਆਂ ਨੂੰ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਬਠਿੰਡਾ 22
22/12/17

D.32020/5/2009-EMR
Government of India
Ministry of Health & Family Welfare
Directorate General of Health Services
(Emergency Medical Relief)

## GUIDELINES FOR SCHOOLS/COLLEGES/INSTITUTIONS ON INFLUENZA A/H1N1

There have been some cases of Influenza A H1N1 virus among students and staff in certain schools, primarily in Delhi and Maharashtra. There has been considerable speculation over the need for closure of schools to control the outbreak. This matter has been considered by the Joint Monitoring Group in the Ministry of Health and Family Welfare. All schools and colleges are advised to observe the following guidelines for managing cases of infection of Influenza AH1N1.

(i) Any student or staff member showing flu like symptoms such as fever, cough, running nose and difficulty in breathing should be allowed to stay at home for a period of 7 to 10 days.

(ii) Educational institutions should not insist on production of medical certificate by the student/staff.

(iii) Educational institutions should monitor the health status of such students/staff who might have come in contact with a suspected case of Influenza AH1N1 to see whether they develop flu like symptoms. In case they do so, they should be allowed to stay home, as outlined at (i) above

(iv) In case of students staying in Hostels, the educational institutions would not only monitor the health status of the students, but also that of care providers. It has to be ensured that the care providers wear face mask and wash hands regularly. It might not be advisable to send the boarders back to home, as it would spread infection further.

(v) Educational institutions are further encouraged to report such cases to local health officers for further monitoring.

(vi) Given the current magnitude of the spread of AH1N1 infection and the fact that the current virus is fairly mild, closure of educational institutions on account of any student/staff member falling ill with flu like symptoms is not recommended.

(vii) In the first place, the schools should discourage the excursions of the students to the affected countries.

(viii) In case if the students had proceeded to affected countries on unavoidable tours, then on their return, if some students show flu like symptoms of fever, sore- throat , cough , body ache, running nose, difficulty breathing etc. they should be advised to abstain from attending school and be allowed to stay at home for a period of 7 to 10 days.

# ਸਵਾਈਨ ਫਲੂ ਤੋਂ ਡਰੋ ਨਾ



## ਬਚਾਅ ਅਤੇ ਤੁਰੰਤ ਇਲਾਜ ਦੇ ਉਪਰਾਲੇ ਕਰੋ

ਸਵਾਈਨ ਫਲੂ H1N1 ਨਾਂਅ ਦੇ ਵਿਸ਼ੇਸ਼ ਵਿਸ਼ਾਣੂ ਰਾਹੀਂ ਹੁੰਦਾ ਹੈ ਜੋ ਕਿ ਸਾਹ ਰਾਹੀਂ ਇੱਕ ਮਨੁੱਖ ਤੋਂ ਦੂਜੇ ਮਨੁੱਖ ਨੂੰ ਫੈਲਦਾ ਹੈ ।

### ਮੁੱਖ ਲੱਛਣ

*ਤੇਜ਼ ਬੁਖਾਰ (101 ਡਿਗਰੀ ਤੋਂ ਉਪਰ) *ਖਾਂਸੀ ਅਤੇ ਜੁਕਾਮ *ਛਿੱਕਾਂ ਆਉਣੀਆਂ ਜਾਂ ਨੱਕ ਵਗਣਾ

*ਸਾਹ ਲੈਣ ਵਿੱਚ ਤਕਲੀਫ *ਗਲੇ ਵਿੱਚ ਦਰਦ *ਸਰੀਰ ਟੁੱਟਦਾ ਮਹਿਸੂਸ ਹੋਣਾ, *ਦਸਤ ਲੱਗਣਾ ਅਤੇ ਉਲਟੀਆਂ ਆਦਿ ।

### ਬਚਾਅ ਦੇ ਉਪਰਾਲੇ : ਇਹ ਕਰੋ

*ਖੰਘਦੇ ਜਾਂ ਛਿੱਕਦੇ ਹੋਏ ਆਪਣਾ ਮੂੰਹ ਅਤੇ ਨੱਕ ਰੁਮਾਲ ਨਾਲ ਢੱਕ ਕੇ ਰੱਖੋ । ਆਪਣਾ ਨੱਕ, ਅੱਖਾਂ ਅਤੇ ਮੂੰਹ ਨੂੰ ਛੂਹਣ ਤੋਂ ਪਹਿਲਾਂ/ਬਾਅਦ ਆਪਣੇ ਹੱਥ ਸਾਬਣ ਅਤੇ ਪਾਣੀ ਨਾਲ ਚੰਗੀ ਤਰ੍ਹਾਂ ਧੋਵੋ ।

*ਭੀੜ ਵਾਲੀਆਂ ਥਾਵਾਂ ਤੇ ਨਾ ਜਾਓ ।

*ਖੰਘ, ਵਗਦੀ ਨੱਕ, ਛਿੱਕ ਅਤੇ ਬੁਖਾਰ ਨਾਲ ਪੀੜ੍ਹਤ ਵਿਅਕਤੀ ਤੋਂ ਇੱਕ ਮੀਟਰ ਦੀ ਦੂਰੀ ਬਣਾ ਕੇ ਰੱਖੋ ।

*ਪੂਰੀ ਨੀਂਦ ਲਓ, ਸਰੀਰਕ ਤੌਰ ਤੇ ਚੁਸਤ ਰਹੋ ਅਤੇ ਤਣਾਅ ਤੋਂ ਮੁਕਤ ਰਹੋ ।

*ਬਹੁਤ ਸਾਰਾ ਪਾਣੀ ਪੀਓ ।

### ਇਹ ਨਾ ਕਰੋ

*ਮਰੀਜ਼ ਨਾਲ ਹੱਥ ਮਿਲਾਉਣਾ, ਗਲੇ ਮਿਲਣਾ, ਚੁੰਮਣਾ ਜਾਂ ਕਿਸੇ ਤਰ੍ਹਾਂ ਦਾ ਸਰੀਰਕ ਸੰਪਰਕ ਕਰਨਾ ।

*ਬਿਨਾਂ ਡਾਕਟਰੀ ਜਾਂਚ ਤੋਂ ਦਵਾਈ ਲੈਣਾ ।

*ਬਾਹਰ ਅਤੇ ਖੁੱਲ੍ਹੇ ਵਿੱਚ ਥੁੱਕਣਾ ।

### ਕਾਲਜਾਂ ਅਤੇ ਸਕੂਲਾਂ ਲਈ ਵਿਸ਼ੇਸ਼

1. ਕਾਲਜਾਂ/ਸਕੂਲਾਂ ਦੇ ਕਿਸੇ ਵਿਦਿਆਰਥੀ ਜਾਂ ਸਟਾਫ ਮੈਂਬਰ ਵਿੱਚ ਜੇਕਰ ਉਪਰੋਕਤ ਲੱਛਣ ਪਾਏ ਜਾਂਦੇ ਹਨ ਤਾਂ ਉਸਨੂੰ 5 ਤੋਂ 7 ਦਿਨਾਂ ਤਕ ਘਰ ਰਹਿਣ ਲਈ ਛੁੱਟੀ ਦਿੱਤੀ ਜਾਵੇ । ਉਸ ਲਈ ਕਿਸੇ ਮੈਡੀਕਲ ਸਰਟੀਫਿਕੇਟ ਦੀ ਲੋੜ ਨਹੀ ਹੈ ।
2. ਜਿਹੜੇ ਵਿਦਿਆਰਥੀ ਕਾਲਜਾਂ/ਸਕੂਲਾਂ ਦੇ ਹੋਸਟਲ ਵਿੱਚ ਰਹਿੰਦੇ ਹਨ, ਉਹਨਾਂ ਦੇ ਕੇਅਰ ਪ੍ਰੋਵਾਈਡਰਾਂ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਮਾਸਕ ਪਹਿਨ ਕੇ ਰੱਖਣ ਅਤੇ ਹੋਸਟਲ ਖਾਲੀ ਨਾ ਕਰਵਾਉਣ ।
3. ਉਪਰੋਕਤ ਲੱਛਣ ਵਾਲੇ ਮਰੀਜ਼ਾਂ ਸਬੰਧੀ ਸਿੱਖਿਆ ਸੰਸਥਾਵਾਂ ਨੇੜੇ ਦੇ ਸਿਹਤ ਅਧਿਕਾਰੀਆਂ ਨੂੰ ਸੂਚਿਤ ਕਰਨ ।
4. ਜੇਕਰ ਉਪਰੋਕਤ ਬਿਮਾਰੀ ਦੇ ਲੱਛਣ ਕਿਸੇ ਵਿਦਿਆਰਥੀ/ਸਟਾਫ ਮੈਂਬਰ ਵਿੱਚ ਪਾਏ ਜਾਂਦੇ ਹਨ ਤਾਂ ਸਿੱਖਿਆ ਸੰਸਥਾਵਾਂ ਨੂੰ ਬੰਦ ਨਾ ਕੀਤਾ ਜਾਵੇ ਬਲਕਿ ਮਰੀਜ਼ ਨੂੰ ਛੁੱਟੀ ਦੇ ਦਿੱਤੀ ਜਾਵੇ ।






**ਸਵਾਈਨ ਫਲੂ ਦੇ ਟੈਸਟ ਦੀ ਸੁਵਿਧਾ ਅਤੇ ਦਵਾਈਆਂ ਜ਼ਿਲ੍ਹਾ ਸਰਕਾਰੀ ਹਸਪਤਾਲ ਰਾਹੀਂ ਮੁਫਤ ਉਪੱਲਬਧ ਹਨ**

ਵਧੇਰੇ ਜਾਣਕਾਰੀ ਲਈ ਨੇੜੇ ਦੇ ਸਰਕਾਰੀ ਸਿਹਤ ਕੇਂਦਰ ਨਾਲ ਸੰਪਰਕ ਕਰੋ :-

ਜ਼ਿਲ੍ਹਾ ਐਪੀਡੀਮਾਲੋਜਿਸਟ-
ਕਮ-ਨੋਡਲ ਅਫਸਰ

ਜਿਲਾ ਸਿਹਤ ਅਫਸਰ
ਬਠਿੰਡਾ

ਸਿਵਲ ਸਰਜਨ,
ਬਠਿੰਡਾ ।

## ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ

ਜਨ ਹਿੱਤ ਵਿੱਚ ਜਾਰੀ ਕਰਤਾ :- ਨੈਸ਼ਨਲ ਹੈਲਥ ਮਿਸ਼ਨ, ਪੰਜਾਬ